# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

**ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।**

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)।
2. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.)।
3. ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ।
4. ਸਮੂਹ ਜ਼ਿਲ੍ਹਾ ਮੈਥ ਕੋਆਰਡੀਨੇਟਰਜ਼।
5. ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ)।

ਮੀਮੋ ਨੰ:ਸਸਅ/ਐਮਸੀ/2011/ 22734-818
ਮਿਤੀ,ਚੰਡੀਗੜ੍ਹ 5-5-11

**ਵਿਸ਼ਾ :- ਐਨ.ਸੀ.ਈ.ਆਰ.ਟੀ. ਦੁਆਰਾ ਤਿਆਰ ਕੀਤੀਆਂ ਗਈਆਂ ਸਾਇੰਸ, ਮੈਥ ਕਿੱਟਾਂ ਸਬੰਧੀ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਸਮੇਂ ਸਮੇਂ ਤੇ ਸਕੂਲ ਸਿੱਖਿਆ ਵਿਭਾਗ, ਪੰਜਾਬ ਵੱਲੋਂ ਸਾਇੰਸ ਅਤੇ ਮੈਥ ਵਿਸ਼ਿਆਂ ਨੂੰ ਵਧਾਵਾ ਦੇਣ ਲਈ ਚੁੱਕੇ ਜਾ ਰਹੇ ਕਦਮਾਂ ਦੀ ਕੜੀ ਵਿੱਚ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਐਨ.ਸੀ.ਈ.ਆਰ.ਟੀ. ਨਵੀਂ ਦਿੱਲੀ ਵੱਲੋਂ ਸਾਇੰਸ ਅਤੇ ਮੈਥ ਵਿਸ਼ਿਆਂ ਸਬੰਧੀ ਕੁੱਝ ਕਿੱਟਾਂ ਤਿਆਰ ਕੀਤੀਆਂ ਗਈਆਂ ਹਨ ਅਤੇ ਜਿੰਨਾਂ ਦੀ ਸਪਲਾਈ ਵਾਸਤੇ ਕੁੱਝ ਫਰਮਾਂ ਦਾ empanelment ਕੀਤਾ ਗਿਆ ਹੈ ਅਤੇ ਉਨ੍ਹਾਂ ਦੀ ਖਰੀਦ ਲਈ ਇੱਕ ਸਾਲ ਲਈ ਰੇਟ ਪ੍ਰਵਾਨ ਕੀਤੇ ਗਏ ਹਨ।

3.0 ਐਨ.ਸੀ.ਈ.ਆਰ.ਟੀ.ਵੱਲੋਂ ਭੇਜੇ ਗਏ ਪੱਤਰ ਨੰ: F.No. 24-7/2009-10/NIE/EOI Dated March 10, 2011 ਸਮੇਤ ਅਨੁਲਗ ਦੀ ਕਾਪੀ ਆਪ ਜੀ ਦੀ ਜਾਣਕਾਰੀ ਹਿੱਤ ਨੱਥੀ ਕੀਤੀ ਜਾਂਦੀ ਹੈ। ਕਿੱਟਾਂ ਦੇ ਵੇਰਵੇ ਅਤੇ ਦਰਾਂ ਹੇਠ ਲਿਖੇ ਅਨੁਸਾਰ ਹਨ :-

| Sr. No. | Details of contact person of the Empanelled Firm | Basic Rate (Excluding Tax) |
|---|---|---|
| 1 . | Upper Primary Science Kit (UPSK) | Rs. 4,950/- |
| 2 . | Secondary Science Kit (SSK) | Rs. 4,200/- |
| 3 . | Secondary Microscale Chemistry laboratory Kit (SMCLK) | Rs. 1,139/- |
| 4. | Sr. Secondary Microscale Chemistry laboratory Kit (SSMCLK) | Rs. 2,912/- |
| 5 . | Solid State Model Kit (SSMK) | Rs. 95/- (F.O.R. NCERT)& Rs. 81/- (F.O.R. Others) |
| 6 . | Molecular Model Kit (MMK) | Rs. 109/- |
| 7. | Upper Primary Mathematics Kit (UPMK) | Rs. 770/- |

-2-

4.0 ਜੇਕਰ ਆਰ.ਐਮ.ਐਸ.ਏ.ਅਧੀਨ ਸਾਇੰਸ, ਮੈਥ ਵਿਸ਼ਿਆਂ ਨੂੰ ਵਧਾਵਾ ਦੇਣ ਲਈ ਰਾਸ਼ੀ ਪ੍ਰਾਪਤ ਹੁੰਦੀ ਹੈ ਤਾਂ ਸਕੂਲ ਮੁੱਖੀ, ਵਿਸ਼ਾ ਅਧਿਆਪਕ ਨਾਲ ਸਲਾਹ ਮਸ਼ਵਰਾ ਕਰਨ ਤੋਂ ਬਾਅਦ ਵੀ.ਈ.ਡੀ.ਸੀ.(ਸਕੂਲ ਮੈਨੇਜਮੈਂਟ ਕਮੇਟੀ) ਰਾਹੀਂ ਸਕੂਲ ਦੀ ਜ਼ਰੂਰਤ ਮੁਤਾਬਿਕ ਉਪਰੋਕਤ ਕਿੱਟ ਖ੍ਰੀਦ ਸਕਦਾ ਹੈ ਕਿਉਂਕਿ ਇਹ ਉਪਰੋਕਤ ਕਿੱਟਾਂ, ਸਾਇੰਸ, ਮੈਥ ਵਿਸ਼ਿਆਂ ਦੀ ਪੜ੍ਹਾਈ ਵਿੱਚ ਗੁਣਾਤਮਕ ਸੁਧਾਰ ਲਈ ਬਹੁਤ ਲਾਹੇਵੰਦ ਹਨ।

5.0 ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਜਿਹੜੇ ਸਕੂਲਾਂ ਵਿੱਚ ਆਰ.ਐਮ. ਐਸ.ਏ. ਦੀ ਗ੍ਰਾਂਟ ਉਪਲਬਧ ਨਹੀਂ ਹੁੰਦੀ ਤਾਂ ਉਹ ਸਕੂਲ ਇਸ ਸਾਲ ਦੀ ਸਕੂਲ ਗ੍ਰਾਂਟ ਅਜਿਹਾ ਸਮਾਨ ਖ੍ਰੀਦਣ ਲਈ ਵਰਤ ਸਕਦੇ ਹਨ ਜੋ ਕਿ ਪਹਿਲਾਂ ਨਹੀਂ ਖਰੀਦਿਆਂ ਗਿਆ ਹੈ ਜਾਂ ਸਕੂਲ ਵਿੱਚ ਮੌਜੂਦ ਨਹੀਂ ਹੈ। ਪਰੰਤੂ ਅਜਿਹਾ ਕਰਨ ਤੋਂ ਪਹਿਲਾਂ ਸਕੂਲ ਦੀ ਲੋੜ ਨੂੰ ਚੰਗੀ ਤਰ੍ਹਾਂ ਵਿਚਾਰ ਲਿਆ ਜਾਵੇ ਅਤੇ ਮੈਥ ਅਤੇ ਸਾਇੰਸ ਦੇ ਅਧਿਆਪਕਾਂ ਤੋਂ ਸਲਾਹ ਲੈਣ ਉਪਰੰਤ ਹੀ ਅਗਲੇਰੀ ਕਾਰਵਾਈ ਕੀਤੀ ਜਾਵੇ। ਦੋਵਾਂ ਵਿਸ਼ਿਆਂ ਬਾਬਤ ਜੋ ਵੀ ਸਮਾਨ ਖ੍ਰੀਦਿਆ ਜਾਵੇ ਉਸ ਦੀ ਬਕਾਇਦਾ ਵਿਸ਼ਾ ਵਾਈਜ਼ ਸਟਾਕ ਐਂਟਰੀ ਕੀਤੀ ਜਾਵੇ।

6.0 ਉਪਰੋਕਤ ਸਬੰਧੀ ਸੂਚਨਾ ਐਨ.ਸੀ.ਈ.ਆਰ.ਟੀ. ਦੀ ਵੈੱਬ-ਸਾਈਟ (www.ncert.nic.in) ਤੇ ਹੀ ਉਪਲਬਧ ਹੈ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ,ਚੰਡੀਗੜ੍ਹ**

**ਨੱਥੀ/ ਐਨ.ਸੀ.ਈ.ਆਰ.ਟੀ.ਵੱਲੋਂ ਜਾਰੀ ਪੱਤਰ ਸਮੇਤ ਫਾਈਨਲ ਫਰਮਾਂ ਦੀ ਡੀਟੇਲ, ਸ਼ਰਤਾਂ ਅਤੇ ਰੇਟ ਦੀ ਕਾਪੀ।**